**Exam. Code : 108501**
**Subject Code : 1981**

**B.Com. 1st Sem. (Batch 2021-24)**

**PUNJABI COMPULSORY**

**Paper–BCG–102 (i)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ-ੳ**

1. 'ਰਾਧਾ ਸੰਦੇਸ਼' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।
2. 'ਆਉ ਨੱਚੀਏ' ਕਵਿਤਾ ਦੇ ਲੇਖਕ ਪ੍ਰੋ. ਮੋਹਨ ਸਿੰਘ ਦੇ ਜੀਵਨ ਅਤੇ ਰਚਨਾ 'ਤੇ ਨੋਟ ਲਿਖੋ।

**ਭਾਗ-ਅ**

3. 'ਇਬਰਾਹਮ ਲਿੰਕਨ' ਜੀਵਨੀ ਦਾ ਵਿਸ਼ਾ-ਵਸਤੂ ਲਿਖੋ।
4. 'ਬਾਬਾ ਫ਼ਰੀਦ' ਦੀ ਜੀਵਨੀ ਦਾ ਸਾਰ ਲਿਖੋ।

**ਭਾਗ-ੲ**

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

   (ੳ) ਵਿਦੇਸ਼ ਜਾਣ ਦਾ ਵੱਧ ਰਿਹਾ ਰੁਝਾਨ

   (ਅ) ਇੰਟਰਨੈੱਟ ਦੇ ਲਾਭ ਅਤੇ ਹਾਨੀਆਂ

   (ੲ) ਸਦਾਚਾਰ।



6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

   ਜਨ ਸੰਪਰਕ ਦੇ ਹਰੇਕ ਕਾਰਜ ਦੀ ਸਫਲਤਾ ਸੰਚਾਰ 'ਤੇ ਨਿਰਭਰ ਕਰਦੀ ਹੈ। ਜਨ ਸੰਪਰਕ ਦੂਜੇ ਦੀ ਰਾਏ ਨੂੰ ਪ੍ਰਭਾਵਿਤ ਕਰਕੇ ਆਪਣੇ ਨਾਲ ਸਹਿਮਤ ਕਰਨਾ ਹੈ। ਰਾਏ ਨੂੰ ਪ੍ਰਭਾਵਿਤ ਕਰਨ ਦੇ ਕਈ ਢੰਗ ਹਨ :- ਸ਼ਕਤੀ ਦੀ ਵਰਤੋਂ, ਧਨ ਖ਼ਰਚ ਜਾਂ ਪ੍ਰੇਰਨਾ ਦੁਆਰਾ। ਜਨ ਸੰਪਰਕ ਕੇਵਲ ਇਕੋ ਹੀ ਸਾਧਨ ਵਰਤਦਾ ਹੈ ਉਹ ਹੈ ਪ੍ਰੇਰਨਾ। ਇਸ ਲਈ ਸੰਚਾਰ ਨੂੰ ਜਨ ਸੰਪਰਕ ਪ੍ਰਕਿਰਿਆ ਵਿੱਚ ਮਹੱਤਵਪੂਰਨ ਸਥਾਨ ਦਿੱਤਾ ਜਾਂਦਾ ਹੈ। ਸਫਲ ਸੰਚਾਰ ਉਹ ਹੀ ਹੈ ਜਿਸ ਰਾਹੀਂ ਸੂਚਨਾ ਦੇਣ ਅਤੇ ਸੂਚਨਾ ਲੈਣ ਵਾਲੇ ਵਿਚਕਾਰ ਵੱਧ ਤੋਂ ਵੱਧ ਸਾਂਝ ਪੈਦਾ ਕੀਤੀ ਜਾ ਸਕੇ। ਇਸ ਲਈ ਚੰਗੇ ਸੰਚਾਰ ਦੁਆਰਾ ਹੀ ਪ੍ਰੇਰਨਾ ਦਿੱਤੀ ਜਾ ਸਕਦੀ ਹੈ।

   (ੳ) ਜਨ ਸੰਪਰਕ ਦੀ ਸਫਲਤਾ ਕਿਸ ਉੱਪਰ ਨਿਰਭਰ ਕਰਦੀ ਹੈ ?

   (ਅ) ਰਾਏ ਨੂੰ ਪ੍ਰਭਾਵਿਤ ਕਰਨ ਦੇ ਢੰਗ ਕਿਹੜੇ-ਕਿਹੜੇ ਹਨ ?

   (ੲ) ਸਫਲ ਸੰਚਾਰ ਕਿਹੜਾ ਹੈ ?

   (ਸ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

   (ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਭਾਗ-ਸ**

7. ਭਾਸ਼ਾ ਅਤੇ ਉਪਭਾਸ਼ਾ ਵਿੱਚ ਅੰਤਰ ਸਪੱਸ਼ਟ ਕਰੋ।
8. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ 'ਤੇ ਨੋਟ ਲਿਖੋ।